# ਅਸੀਂ ਕੀ ਕਰਦੇ ਹਾਂ

ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRB) ਇੱਕ ਅਜਿਹੀ ਸੁਤੰਤਰ ਫ਼ੈਡਰਲ ਏਜੰਸੀ ਹੈ, ਜਿਸ ਨੂੰ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਜੱਥੇਬੰਦ ਹੋਣ ਅਤੇ ਉਹਨਾਂ ਲਈ ਸੌਦੇਬਾਜ਼ੀ ਕਰਨ ਲਈ ਨੁਮਾਇੰਦੇ ਵਜੋਂ ਯੂਨੀਅਨ ਹੋਣ ਬਾਰੇ ਫ਼ੈਸਲਾ ਕਰਨ ਦਾ ਅਖ਼ਤਿਆਰ ਹੈ। ਏਜੰਸੀ ਨਿਜੀ ਖੇਤਰ ਦੇ ਨੌਕਰੀਦਾਤਿਆਂ ਅਤੇ ਯੂਨੀਅਨਾਂ ਵਲੋਂ ਕੀਤੇ ਗਏ ਅਣਉਚਿਤ ਕਿਰਤ ਵਿਹਾਰ ਰੋਕਣ ਅਤੇ ਉਹਨਾਂ ਦਾ ਉਪਾਅ ਕਰਨ ਲਈ ਵੀ ਕੰਮ ਕਰਦੀ ਹੈ।

---

## ਚੋਣਾਂ ਕਰਾਉਣੀਆਂ

ਜੇ ਤੁਸੀਂ ਯੂਨੀਅਨ ਬਣਾਉਣਾ ਚਾਹੁੰਦੇ ਹੋ ਜਾਂ ਸ਼ਾਮਿਲ ਹੋਣਾ ਚਾਹੁੰਦੇ ਹੋ ਜਾਂ ਮੌਜੂਦਾ ਯੂਨੀਅਨ ਰੱਦ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਚੋਣ ਪਟੀਸ਼ਨ ਦਾਇਰ ਕਰ ਸਕਦੇ ਹੋ। ਕਿਰਪਾ ਕਰਕੇ ਮਦਦ ਲਈ ਆਪਣੇ ਸਭ ਤੋਂ ਨਜ਼ਦੀਕੀ ਇਲਾਕਾਈ ਦਫ਼ਤਰ ਵਿੱਚ ਇੰਫ਼ਰਮੇਸ਼ਨ ਅਫ਼ਸਰ ਨਾਲ ਸੰਪਰਕ ਕਰੋ।

## ਇਲਜ਼ਾਮਾਂ ਦੀ ਪੜਤਾਲ ਕਰਨੀ

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ NLRA ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਤੁਸੀਂ ਕਿਸੇ ਨੌਕਰੀਦਾਤਾ ਜਾਂ ਕਿਰਤ ਸੰਸਥਾ ਦੇ ਖ਼ਿਲਾਫ਼ ਇਲਜ਼ਾਮ ਦਾਇਰ ਕਰ ਸਕਦੇ ਹੋ। ਤੁਹਾਨੂੰ ਇਲਜ਼ਾਮਾਂ ਸਬੰਧੀ ਫ਼ਾਰਮ ਇੱਥੇ ਮਿਲ ਸਕਦੇ ਹਨ। ਕਿਰਪਾ ਕਰਕੇ ਮਦਦ ਲਈ ਆਪਣੇ ਸਭ ਤੋਂ ਨਜ਼ਦੀਕੀ ਇਲਾਕਾਈ ਦਫ਼ਤਰ ਵਿੱਚ ਇੰਫ਼ਰਮੇਸ਼ਨ ਅਫ਼ਸਰ ਨਾਲ ਸੰਪਰਕ ਕਰੋ।

## ਸਹੂਲਤਾਂ ਬਾਰੇ ਸੈਟਲਮੈਂਟ

ਜਦੋਂ ਵੀ ਸੰਭਵ ਹੋਵੇ, NLRB ਧਿਰਾਂ ਨੂੰ ਮੁਕੱਦਮੇਬਾਜ਼ੀ ਦੀ ਥਾਂ ਇਹਨਾਂ ਮਸਲਿਆਂ ਨੂੰ ਸੈਟਲਮੈਂਟ ਕਰਕੇ ਸੁਲਝਾਉਣ ਲਈ ਪ੍ਰੇਰਦਾ ਹੈ। ਅਸਲ ਵਿੱਚ, 90% ਤੋਂ ਵੱਧ ਢੁਕਵੇਂ ਅਣਉਚਿਤ ਕਿਰਤ ਵਿਹਾਰ ਦੇ ਕੇਸ ਸੁਲਝਾਉਣ ਦਾ ਅਮਲ ਕਿਸੇ ਸਮੇਂ ਕੀਤੇ ਗਏ ਸਮਝੌਤੇ, ਜਾਂ ਤਾਂ ਬੋਰਡ ਸੈਟਲਮੈਂਟ ਜਾਂ ਨਿਜੀ ਸਮਝੌਤੇ ਰਾਹੀਂ ਕੀਤਾ ਜਾਂਦਾ ਹੈ। ਬੋਰਡ ਦੇ ਸੈਟਲਮੈਂਟ ਬਾਰੇ ਸਮਝੌਤੇ

## ਕੇਸਾਂ ਦਾ ਫ਼ੈਸਲਾ ਕਰਨਾ

ਜਿਸ ਸਮੇਂ ਇਲਾਕਾਈ ਡਾਇਰੈਕਟਰਾਂ ਵਲੋਂ ਜਾਰੀ ਕੀਤੀਆਂ ਗਈਆਂ ਅਣਉਚਿਤ ਕਿਰਤ ਵਿਹਾਰ ਦੀਆਂ ਸ਼ਿਕਾਇਤਾਂ ਨਹੀਂ ਸੁਲਝਦੀਆਂ, ਤਾਂ ਆਮ ਤੌਰ 'ਤੇ ਇਸਦੇ ਨਤੀਜੇ ਵਜੋਂ ਇਹ ਮਾਮਲੇ NLRB ਦੇ ਪ੍ਰਸ਼ਾਸਨੀ ਕਾਨੂੰਨ ਬਾਰੇ ਜੱਜ ਸਾਹਮਣੇ ਸੁਣਵਾਈ ਲਈ ਪੇਸ਼ ਕੀਤੇ ਜਾਂਦੇ ਹਨ। ਕਿਸੇ ਵੀ ਅਦਾਲਤੀ ਕਾਰਵਾਈਆਂ ਵਾਂਗ, ਦੋਵੇਂ ਧਿਰਾਂ ਆਪਣੀਆਂ ਦਲੀਲਾਂ ਤਿਆਰ ਕਰਦੀਆਂ ਹਨ ਅਤੇ ਸਬੂਤ, ਗੁਆਹ ਅਤੇ ਮਾਹਿਰ ਪੇਸ਼ ਕਰਦੀਆਂ ਹਨ।

## ਆਦੇਸ਼ ਲਾਗੂ ਕਰਨੇ

ਜਾਇਜ਼ਾ ਲੈਣ ਵਾਲੇ ਕੇਸਾਂ ਵਿੱਚ, ਸਰਕਿਟ-ਅਦਾਲਤਾਂ ਹਿਦਾਇਤਾਂ ਜਾਂ ਜ਼ਬਾਨੀ ਬਹਿਸ ਤੋਂ ਬਾਅਦ ਬੋਰਡ ਦੇ ਆਦੇਸ਼ ਲਈ ਤੱਥ ਅਤੇ ਕਾਨੂੰਨੀ ਅਧਾਰ ਦਾ ਮੁਲਾਂਕਣ ਕਰਦੀਆਂ ਹਨ ਅਤੇ ਫ਼ੈਸਲਾ ਕਰਦੀਆਂ ਹਨ ਕਿ ਕੀ ਆਦੇਸ਼ ਦੀ ਪਾਲਣਾ ਕਰਨ ਲਈ ਅਦਾਲਤੀ ਫ਼ਰਮਾਨ ਦਾਖ਼ਲ ਕਰਨਾ ਚਾਹੀਦਾ ਹੈ। ਅਦਾਲਤ ਇਸ ਅਧਾਰ 'ਤੇ ਵੀ ਆਦੇਸ਼ ਲਿਖ ਸਕਦੀ ਹੈ ਕਿ ਜਵਾਬ ਦੇਣ ਵਾਲੀ ਧਿਰ ਬੋਰਡ ਦੀ ਕਾਰਵਾਈ ਦਾ ਵਿਰੋਧ ਕਰਨ ਵਿੱਚ ਨਾਕਾਮ ਰਹੀ ਹੈ ਜਾਂ ਵਿਰੋਧ ਕਰਨ ਦਾ ਕੋਈ ਕਾਨੂੰਨੀ ਅਧਾਰ ਨਹੀਂ ਸੀ।